ਪ੍ਰਧਾਨ ਮੰਤਰੀ ਮੋਦੀ ਸਿੰਗਾਪੁਰ ਤੇ ਬਰੂਨੇਈ ਦਾ ਦੌਰਾ ਕਰਨ ਤੋਂ ਬਾਅਦ ਭਾਰਤ ਲਈ ਰਵਾਨਾ ਹੋਏ

ਸੈਮੀਕੰਡਕਟਰ ਖੇਤਰ ਵਿਚ ਸਹਿਯੋਗ ਸਮੇਤ ਚਾਰ ਸਮਝੌਤਿਆਂ 'ਤੇ ਕੀਤੇ ਦਸਤਖ਼ਤ

ਸਿੰਗਾਪੁਰ, 5 ਸਤੰਬਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਰੂਨੇਈ ਅਤੇ ਸਿੰਗਾਪੁਰ ਦਾ ਦੌਰਾ ਪੂਰਾ ਕਰਨ ਤੋਂ ਬਾਅਦ ਵੀਰਵਾਰ ਨੂੰ ਭਾਰਤ ਲਈ ਰਵਾਨਾ ਹੋ ਗਏ। ਦੌਰੇ ਦੌਰਾਨ ਉਨ੍ਹਾਂ ਨੇ ਇਤਿਹਾਸਕ ਸਬੰਧਾਂ ਨੂੰ ਮਜਬੂਤ ਕਰਨ, ਸਾਂਝੇਦਾਰੀ ਨੂੰ ਮਜਬੂਤ ਕਰਨ ਅਤੇ ਦੋ ਦਖਣ-ਪੂਰਬੀ ਏਸ਼ੀਆਈ ਦੇਸ਼ਾਂ ਤੋਂ ਨਿਵੇਸ਼ ਆਕਰਸ਼ਿਤ ਕਰਨ 'ਤੇ ਦੋਵਾਂ ਦੇਸ਼ਾਂ ਦੀ ਸਿਖਰਲੀ ਲੀਡਰਸ਼ਿਪ ਨਾਲ ਵਿਆਪਕ ਚਰਚਾ ਕੀਤੀ। ਵਿਦੇਸ਼ ਮੰਤਰਾਲੇ ਨੇ 'ਐਕਸ' 'ਤੇ ਅਪਣੀ ਪੋਸਟ ਵਿਚ ਕਿਹਾ, "ਇਕ ਸਫ਼ਲ ਦੌਰਾ ਸਮਾਪਤ ਹੋਇਆ।" ਸਿੰਗਾਪੁਰ ਦੇ ਫਲਦਾਇਕ ਦੌਰੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੀਂ ਦਿੱਲੀ ਲਈ ਰਵਾਨਾ ਹੋ ਗਏ।

ਮੋਦੀ ਨੇ 'ਐਕਸ' 'ਤੇ ਕਿਹਾ ਕਿ ਉਨ੍ਹਾਂ ਦਾ ਸਿੰਗਾਪੁਰ ਦੌਰਾ "ਬਹੁਤ ਹੀ ਸਾਰਥਕ" ਸੀ। ਉਨ੍ਹਾਂ ਕਿਹਾ, "ਇਹ ਯਕੀਨੀ ਤੌਰ 'ਤੇ ਦੁਵੱਲੇ ਸਬੰਧਾਂ ਨੂੰ ਮਜਬੂਤ ਕਰੇਗਾ ਅਤੇ ਸਾਡੇ ਦੇਸ਼ਾਂ ਦੇ ਲੋਕਾਂ ਨੂੰ ਲਾਭ ਪਹੁੰਚਾਏਗਾ। ਮੈਂ ਸਿੰਗਾਪੁਰ ਦੀ ਸਰਕਾਰ ਅਤੇ ਲੋਕਾਂ ਦੇ ਨਿੱਘ ਲਈ ਧਨਵਾਦ ਕਰਦਾ ਹਾਂ।" ਮੋਦੀ ਇਥੇ ਸਿੰਗਾਪੁਰ ਦੇ ਅਪਣੇ ਹਮਰੁਤਬਾ ਲਾਰੇਂਸ ਵੋਂਗ ਦੇ ਸੱਦੇ 'ਤੇ ਆਏ ਸਨ। ਇਹ ਸਿੰਗਾਪੁਰ ਦੀ ਉਨ੍ਹਾਂ ਦੀ ਪੰਜਵੀਂ ਸਰਕਾਰੀ ਯਾਤਰਾ ਸੀ। ਸਿੰਗਾਪੁਰ ਦੀ ਅਪਣੀ ਦੋ-ਦਿਨ ਯਾਤਰਾ ਦੌਰਾਨ, ਦੋਵਾਂ ਦੇਸ਼ਾਂ ਨੇ ਅਪਣੇ ਦੁਵੱਲੇ ਸਬੰਧਾਂ ਦੇ ਦਾਇਰੇ ਨੂੰ "ਵਿਆਪਕ ਰਣਨੀਤਕ ਭਾਈਵਾਲੀ" ਤਕ ਵਧਾਉਣ ਲਈ, ਸੈਮੀਕੰਡਕਟਰ ਖੇਤਰ ਵਿਚ ਸਹਿਯੋਗ ਸਮੇਤ ਚਾਰ ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਇਸ ਤੋਂ ਪਹਿਲਾਂ ਦਿਨ ਵਿਚ ਮੋਦੀ ਨੇ ਵੋਂਗ ਨਾਲ ਮੁਲਾਕਾਤ ਕੀਤੀ ਜਿਸ ਦੌਰਾਨ ਦੋਹਾਂ ਨੇਤਾਵਾਂ ਨੇ ਆਰਥਕ ਸਬੰਧਾਂ 'ਚ ਮਜਬੂਤ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਰਖਿਆ ਅਤੇ ਸੁਰੱਖਿਆ, ਸਮੁੰਦਰੀ ਖੇਤਰ, ਸਿਖਿਆ, ਆਰਟੀਫੀਸ਼ੀਅਲ ਇੰਟੈਲੀਜੈਂਸ, ਵਿਗਿਆਨ ਅਤੇ ਤਕਨਾਲੋਜੀ ਵਰਗੇ ਖੇਤਰਾਂ ਵਿਚ ਮੌਜੂਦਾ ਸਹਿਯੋਗ ਦੀ ਵੀ ਸਮੀਖਿਆ ਕੀਤੀ। ਵੋਂਗ ਨਾਲ ਗੱਲਬਾਤ ਤੋਂ ਪਹਿਲਾਂ ਮੋਦੀ ਦਾ ਸਿੰਗਾਪੁਰ ਦੇ ਸੰਸਦ ਭਵਨ ਵਿਚ ਸ਼ਾਨਦਾਰ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਵਿਜ਼ਟਰਜ ਮੈਗਜ਼ੀਨ 'ਤੇ ਦਸਤਖ਼ਤ ਵੀ ਕੀਤੇ। ਮੋਦੀ ਨੇ ਸਿੰਗਾਪੁਰ ਦੇ ਰਾਸ਼ਟਰਪਤੀ ਥਰਮਨ ਸਨਮੁਗਰਤਨਮ ਨਾਲ ਵੀ ਮੁਲਾਕਾਤ ਕੀਤੀ ਅਤੇ ਦੋਹਾਂ ਦੇਸ਼ਾਂ ਦਰਮਿਆਨ ਦੁਵੱਲੇ ਸਹਿਯੋਗ ਨੂੰ ਵਿਸ਼ਾਲ ਅਤੇ ਡੂੰਘਾ ਕਰਨ ਦੇ ਮੌਕਿਆਂ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਮੋਦੀ ਬਰੂਨੇਈ ਦੀ ਅਪਣੀ ਪਹਿਲੀ ਦੁਵੱਲੀ ਯਾਤਰਾ ਦੀ ਸਮਾਪਤੀ ਤੋਂ ਬਾਅਦ ਸਿੰਗਾਪੁਰ ਪਹੁੰਚੇ ਸਨ। ਉਨ੍ਹਾਂ ਦੇ ਨਾਲ ਵਿਦੇਸ਼ ਮੰਤਰੀ ਐਸ ਜੈਸ਼ੰਕਰ, ਰਾਸਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅਤੇ ਹੋਰ ਸਰਕਾਰੀ ਅਧਿਕਾਰੀ ਵੀ ਸਨ। (ਏਜੰਸੀ)



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੰਗਾਪੁਰ ਦੇ ਰਾਸ਼ਟਰਪਤੀ ਥਰਮਨ ਸਨਮੁਗਰਤਨਮ ਨਾਲ ਮੁਲਾਕਾਤ ਕਰਦੇ ਹੋਏ। ਫ਼ੋਟੋ ਪੀਟੀਆਈ

ਇਕ ਟੀਚਰ ਨੂੰ ਆਈਏਐਸ ਤੋਂ ਵੱਧ ਤਨਖ਼ਾਹ ਮਿਲਣੀ ਚਾਹੀਦੀ ਹੈ : ਮਨੀਸ਼ ਸਿਸੋਦੀਆ

ਨਵੀਂ ਦਿੱਲੀ, 5 ਸਤੰਬਰ : ਆਮ ਆਦਮੀ ਪਾਰਟੀ (ਆਪ) ਆਗੂ ਅਤੇ ਦਿੱਲੀ ਦੇ ਸਾਬਕਾ ਸਿਖਿਆ ਮੰਤਰੀ ਮਨੀਸ਼ ਸਿਸੋਦੀਆ ਨੇ ਵੀਰਵਾਰ ਨੂੰ ਕਿਹਾ ਕਿ ਜੇਕਰ ਭਾਰਤ ਨੂੰ 2047 ਤਕ ਵਿਕਸਿਤ ਰਾਸ਼ਟਰ ਬਣਨਾ ਹੈ ਤਾਂ ਇਕ ਅਧਿਆਪਕ ਦੀ ਤਨਖ਼ਾਹ ਭਾਰਤੀ ਪ੍ਰਸ਼ਾਸਨਿਕ ਅਧਿਕਾਰੀ (ਆਈ.ਏ.ਐਸ.) ਤੋਂ ਵੱਧ ਹੋਣੀ ਚਾਹੀਦੀ ਹੈ। ਸਿਸੋਦੀਆ ਨੇ ਅਧਿਆਪਕ ਦਿਵਸ ਮੌਕੇ ਦਿੱਲੀ ਨਗਰ ਨਿਗਮ ਵਲੋਂ ਆਯੋਜਤ 'ਸਿਖਿਅਕ ਸਨਮਾਨ ਸਮਾਰੋਹ' 'ਚ ਇਹ ਗੱਲ ਕਹੀ। ਉਨ੍ਹਾਂ ਕਿਹਾ,"ਅੱਜ 2047 ਦੇ ਭਾਰਤ ਦੀ ਬਹੁਤ ਚਰਚਾ ਹੋ ਰਹੀ ਹੈ। ਅੱਜ ਇੱਥੇ ਜੋ ਅਧਿਆਪਕ ਬੈਠੇ ਹਨ, ਜੋ ਬੱਚੇ ਤੁਹਾਡੇ ਨਾਲ ਹਨ, ਉਹ 2047 ਲਈ ਬਹੁਤ ਮਹੱਤਵਪੂਰਨ ਹਨ। ਸਾਲ 2047 ਦਾ ਭਾਰਤ ਇਨ੍ਹਾਂ ਬੱਚਿਆਂ 'ਤੇ ਨਿਰਭਰ ਹੈ ਪਰ ਨੀਤੀ ਨਿਰਮਾਤਾਵਾਂ ਨੂੰ ਵੀ ਇਨ੍ਹਾਂ ਲਈ ਕੁੱਝ ਕਰਨਾ ਚਾਹੀਦਾ।" ਉਨ੍ਹਾਂ ਨੇ ਜਰਮਨੀ, ਸਵਿਟਜਰਲੈਂਡ ਅਤੇ ਕੁੱਝ ਹੋਰ ਦੇਸ਼ਾਂ ਦਾ ਉਦਾਹਰਨ ਦਿੰਦੇ ਹੋਏ ਕਿਹਾ,"ਜ਼ਿਆਦਾਤਰ ਵਿਕਸਤ ਦੇਸ਼ਾਂ 'ਚ ਅਧਿਆਪਕਾਂ ਦੀ ਤਨਖ਼ਾਹ ਉੱਥੇ ਦੇ ਨੌਕਰਸ਼ਾਹਾਂ ਤੋਂ ਵੱਧ ਹੈ। 5 ਸਾਲ ਦੇ ਅਨੁਭਵ ਵਾਲੇ ਅਧਿਆਪਕ ਨੂੰ 5 ਸਾਲ ਦੀ ਤਾਇਨਾਤੀ ਵਾਲੇ ਆਈ.ਏ.ਐੱਸ. ਅਧਿਕਾਰੀ ਤੋਂ ਵੱਧ ਤਨਖ਼ਾਹ ਮਿਲਦੀ ਹੈ।" (ਏਜੰਸੀ)

ਰਾਸ਼ਟਰਪਤੀ ਮੁਰਮੂ ਨੇ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਉਨ੍ਹਾਂ ਦੀ ਜੈਅੰਤੀ 'ਤੇ ਦਿਤੀ ਸ਼ਰਧਾਂਜਲੀ

ਨਵੀਂ ਦਿੱਲੀ, 5 ਸਤੰਬਰ : ਭਾਰਤ ਦੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਵੀਰਵਾਰ ਨੂੰ ਰਾਸ਼ਟਰਪਤੀ ਭਵਨ ਵਿਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਉਨ੍ਹਾਂ ਦੀ ਜੈਅੰਤੀ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਰਾਸ਼ਟਰਪਤੀ ਨੇ ਰਾਸ਼ਟਰੀ ਰਾਜਧਾਨੀ ਦੇ ਵਿਗਿਆਨ ਭਵਨ ਵਿਖੇ 50 ਚੁਣੇ ਗਏ ਪੁਰਸਕਾਰ ਜੇਤੂਆਂ ਨੂੰ ਰਾਸ਼ਟਰੀ ਅਧਿਆਪਕ ਪੁਰਸਕਾਰ 2024 ਪ੍ਰਦਾਨ ਕੀਤੇ। ਰਾਸ਼ਟਰਪਤੀ ਮੁਰਮੂ ਨੇ ਪੁਰਸਕਾਰ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ 50,000 ਰੁਪਏ ਦਾ ਨਕਦ ਇਨਾਮ, ਚਾਂਦੀ ਦੇ ਤਮਗੇ ਅਤੇ ਸਰਟੀਫ਼ਿਕੇਟ ਭੇਟ ਕੀਤੇ। ਸਨਮਾਨਤ ਕੀਤੇ ਗਏ ਅਧਿਆਪਕਾਂ ਵਿਚ ਪੰਜਾਬ ਤੋਂ ਪੰਕਜ ਕੁਮਾਰ ਗੋਯਾ ਅਤੇ ਰਾਜਿੰਦਰ ਸਿੰਘ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਕੇਂਦਰੀ ਸਿਖਿਆ ਮੰਤਰਾਲੇ ਦੇ ਸਕੂਲ ਸਿਖਿਆ ਅਤੇ ਸਾਖਰਤਾ ਵਿਭਾਗ ਨੇ ਇਸ ਸਾਲ ਰਾਸ਼ਟਰੀ ਅਧਿਆਪਕ ਪੁਰਸਕਾਰ ਲਈ 50 ਅਧਿਆਪਕਾਂ ਦੀ ਚੋਣ ਕੀਤੀ ਹੈ। ਇਨ੍ਹਾਂ ਅਧਿਆਪਕਾਂ ਵਿਚ 28 ਰਾਜਾਂ, ਤਿੰਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਛੇ ਸੰਸਥਾਵਾਂ ਦੇ ਅਧਿਆਪਕ ਸ਼ਾਮਲ ਹਨ। ਇਨ੍ਹਾਂ ਵਿਚ 34 ਪੁਰਸ਼, 16 ਔਰਤਾਂ, ਦੋ ਅਪਾਹਜ ਅਧਿਆਪਕ ਅਤੇ ਇਕ ਅਧਿਆਪਕ ਜੋ ਕਿ ਅਪਾਹਜ ਬੱਚਿਆਂ ਨਾਲ ਕੰਮ ਕਰ ਰਹੇ ਹਨ, ਇਸ ਤੋਂ ਇਲਾਵਾ ਉਚੇਰੀ ਸਿਖਿਆ ਵਿਭਾਗ ਦੇ 16 ਅਧਿਆਪਕਾਂ ਅਤੇ ਹੁਨਰ ਵਿਕਾਸ ਅਤੇ ਉੱਦਮ ਮੰਤਰਾਲੇ ਦੇ 16 ਅਧਿਆਪਕਾਂ ਨੂੰ ਵੀ ਸਨਮਾਨਤ ਕੀਤਾ ਗਿਆ। ਰਾਸ਼ਟਰਪਤੀ ਮੁਰਮੂ ਨੇ ਵੀ ਅਧਿਆਪਕ ਦਿਵਸ 'ਤੇ ਦੇਸ਼ ਭਰ ਦੇ ਅਧਿਆਪਕਾਂ ਨੂੰ ਸ਼ੁਭਕਾਮਨਾਵਾਂ ਦਿਤੀਆਂ ਅਤੇ ਵਿਦਿਆਰਥੀਆਂ ਦੇ ਇਕ ਗਿਆਨਵਾਨ ਭਾਈਚਾਰੇ ਨੂੰ ਬਣਾਉਣ ਦੇ ਅਪਣੇ ਯਤਨਾਂ ਵਿਚ ਸਫ਼ਲਤਾ ਦੀ ਕਾਮਨਾ ਕੀਤੀ ਜੋ ਭਾਰਤ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗਾ। ਇਕ ਸੰਦੇਸ਼ ਵਿਚ, ਰਾਸ਼ਟਰਪਤੀ ਨੇ ਕਿਹਾ, "ਅਧਿਆਪਕ ਦਿਵਸ ਦੇ ਮੌਕੇ 'ਤੇ, ਮੈਂ ਸਾਡੇ ਦੇਸ਼ ਦੇ ਸਾਰੇ ਅਧਿਆਪਕਾਂ ਨੂੰ ਮੇਰੀਆਂ ਨਿੱਘੀਆਂ ਸੁਭਕਾਮਨਾਵਾਂ ਦਿੰਦੀ ਹਾਂ।"

ਦੇਸ਼ ਦੇ ਸੱਭ ਤੋਂ ਵੱਧ ਪ੍ਰਦੂਸ਼ਿਤ 100 ਸ਼ਹਿਰਾਂ 'ਚ ਹਰਿਆਣਾ ਦੇ 15 ਸ਼ਹਿਰ ਸ਼ਾਮਲ

ਨਵੀਂ ਦਿੱਲੀ, 5 ਸਤੰਬਰ : ਪ੍ਰਦੂਸ਼ਣ 'ਤੇ ਇਕ ਨਵੇਂ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ 2024 ਦੀ ਪਹਿਲੀ ਛਿਮਾਹੀ ਵਿਚ ਪੀਐਮ 2.5 ਦੇ ਪੱਧਰ ਦੇ ਆਧਾਰ 'ਤੇ ਹਰਿਆਣਾ ਦੇ 24 ਸ਼ਹਿਰਾਂ ਵਿਚੋਂ 15 ਭਾਰਤ ਦੇ 100 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚ ਸ਼ਾਮਲ ਹਨ। ਭਾਰਤ ਦੇ ਨੈਸ਼ਨਲ ਐਂਬੀਐਂਟ ਏਅਰ ਕੁਆਲਿਟੀ ਸਟੈਂਡਰਡ (ਐਨਏਏਕਿਊਐਸ) ਅਨੁਸਾਰ, ਪੀਐਮ 2.5 ਅਤੇ ਪੀਐਮ 10 ਦੇ ਸਾਲਾਨਾ ਪੱਧਰਾਂ ਦੀ ਸੁਰੱਖਿਅਤ ਸੀਮਾ ਕ੍ਰਮਵਾਰ 40 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਅਤੇ 60 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੈ। ਹਾਲਾਂਕਿ, ਇਹ ਸੀਮਾਵਾਂ ਵਿਸ਼ਵ ਸਿਹਤ ਸੰਗਠਨ (ਡਬਲਊਐਚਓ) ਦੇ 2021 ਦੇ ਦਿਸ਼ਾ-ਨਿਰਦੇਸ਼ਾਂ ਤੋਂ ਬਹੁਤ ਜ਼ਿਆਦਾ ਹਨ, ਜੋ ਪੀਐਮ 2.5 ਲਈ ਪੰਜ ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਅਤੇ ਪੀਐਮ 10 ਲਈ 15 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੀ ਸਿਫ਼ਾਰਸ਼ ਕਰਦੀਆਂ ਹਨ। ਜਨਵਰੀ ਤੋਂ ਜੂਨ ਤਕ ਹਵਾ ਦੀ ਗੁਣਵੱਤਾ ਦੇ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਹਰਿਆਣਾ ਦੇ ਹਰ ਸ਼ਹਿਰ ਵਿਚ ਐਨਏਏਕਿਊਐਸ ਅਤੇ ਡਬਲਊਐਚਓ ਪੀਐਮ 10 ਦੇ ਪੱਧਰ ਮਾਪਦੰਡਾਂ ਤੋਂ ਵੱਧ ਹਨ। (ਏਜੰਸੀ)

ਕੋਚਿੰਗ ਸੈਂਟਰ 'ਚ ਵਿਦਿਆਰਥੀਆਂ ਦੀ ਮੌਤ ਦਾ ਮਾਮਲਾ

ਅਦਾਲਤ ਨੇ ਜ਼ਮਾਨਤ ਪਟੀਸ਼ਨ 'ਤੇ ਸੀਬੀਆਈ ਤੋਂ ਮੰਗਿਆ ਜਵਾਬ



ਨਵੀਂ ਦਿੱਲੀ, 5 ਸਤੰਬਰ : ਦਿੱਲੀ ਹਾਈ ਕੋਰਟ ਨੇ ਵੀਰਵਾਰ ਨੂੰ ਓਲਡ ਰਾਜੇਂਦਰ ਨਗਰ ਸਥਿਤ ਕੋਚਿੰਗ ਸੈਂਟਰ ਦੇ ਬੇਸਮੈਂਟ ਦੇ ਸਹਿ ਮਾਲਕਾਂ ਦੀ ਜ਼ਮਾਨਤ ਪਟੀਸ਼ਨ 'ਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਜਵਾਬ ਮੰਗਿਆ ਹੈ। ਬੇਸਮੈਂਟ ਦਾ ਮਾਲਕ ਇਸ ਸਮੇਂ ਜੇਲ ਵਿਚ ਹੈ। ਜੁਲਾਈ ਵਿਚ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਰ ਰਹੇ ਤਿੰਨ ਵਿਦਿਆਰਥੀ ਇਸੇ ਬੇਸਮੈਂਟ ਵਿਚ ਪਾਣੀ ਭਰ ਜਾਣ ਕਾਰਨ ਡੁੱਬ ਗਏ ਸਨ।

ਜਸਟਿਸ ਦਿਨੇਸ਼ ਕੁਮਾਰ ਸ਼ਰਮਾ ਨੇ ਬੇਸਮੈਂਟ ਦੇ ਸਹਿ-ਮਾਲਕ ਪਰਵਿੰਦਰ ਸਿੰਘ, ਤਜਿੰਦਰ ਸਿੰਘ, ਹਰਵਿੰਦਰ ਸਿੰਘ ਅਤੇ ਸਰਬਜੀਤ ਸਿੰਘ ਦੀਆਂ ਜ਼ਮਾਨਤ ਪਟੀਸ਼ਨਾਂ 'ਤੇ ਏਜੰਸੀ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਦਾਇਰ ਕਰਨ ਲਈ ਕਿਹਾ ਹੈ। ਨੋਟਿਸ ਜਾਰੀ ਕਰਦਿਆਂ ਜਸਟਿਸ ਸ਼ਰਮਾ ਨੇ ਕਿਹਾ ਕਿ ਇਹ ਘਟਨਾ ਬੇਹੱਦ ਮੰਦਭਾਗੀ ਸੀ। ਸਿਵਲ ਸਰਵਿਸਿਜ਼ ਇਮਤਿਹਾਨ ਦੀ ਤਿਆਰੀ ਕਰ ਰਹੇ ਵਿਦਿਆਰਥੀ - ਉੱਤਰ ਪ੍ਰਦੇਸ਼ ਦੀ ਸ੍ਰੇਆ ਯਾਦਵ (25), ਤੇਲੰਗਾਨਾ ਤੋਂ ਤਾਨਿਆ ਸੋਨੀ (25) ਅਤੇ ਕੇਰਲ ਤੋਂ ਨੇਵਿਨ ਡੇਲਵਿਨ (24) - ਦੀ ਹਾਦਸੇ ਵਿਚ ਮੌਤ ਹੋ ਗਈ ਸੀ, ਜਦੋਂ 27 ਜੁਲਾਈ ਦੀ ਸ਼ਾਮ ਕੇਂਦਰੀ ਦਿੱਲੀ ਵਿਚ ਓਲਡ ਰਾਜਿੰਦਰ ਨਗਰ ਵਿਚ ਭਾਰੀ ਮੀਂਹ ਕਾਰਨ ਰਾਉ ਆਈਏਐਸ ਸਟੱਡੀ ਸਰਕਲ ਦੀ ਇਮਾਰਤ ਦੀ ਬੇਸਮੈਂਟ ਪਾਣੀ ਨਾਲ ਭਰ ਗਈ ਸੀ। ਇਸ ਕੇਸ ਦੀ ਧਾਰਾ 105 (ਗ਼ੈਰ ਇਰਾਦਾ ਕਤਲ) ਅਤੇ ਭਾਰਤੀ ਨਿਆਂ ਜਾਬਤਾ (ਬੀਐਨਐਸ) ਦੀਆਂ ਹੋਰ ਧਾਰਾਵਾਂ ਤਹਿਤ ਜਾਂਚ ਕੀਤੀ ਜਾ ਰਹੀ ਹੈ। ਹਾਈ ਕੋਰਟ ਨੇ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਦਿੱਲੀ ਪੁਲਿਸ ਤੋਂ ਸੀਬੀਆਈ ਨੂੰ ਸੌਂਪ ਦਿਤੀ ਹੈ।

ਮੁਲਜ਼ਮਾਂ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਨੇ ਮੰਨਿਆ ਕਿ ਇਹ ਘਟਨਾ ਸੱਚਮੁੱਚ "ਦੁਖਦਾਈ" ਸੀ, ਪਰ ਇਸ ਗੱਲ 'ਤੇ ਜ਼ੋਰ ਦੇ ਕੇ ਕਿਹਾ ਕਿ ਉਸਦੇ ਮੁਵੱਕਿਲਾਂ ਨੇ ਕੋਚਿੰਗ ਸੈਂਟਰ ਨੂੰ ਸਿਰਫ਼ ਬੇਸਮੈਂਟ ਅਤੇ ਇਕ ਹੋਰ ਮੰਜ਼ਿਲ ਨੂੰ ਲੀਜ਼ 'ਤੇ ਦਿਤਾ ਸੀ ਅਤੇ ਇਸ ਲਈ ਉਨ੍ਹਾਂ ਨੂੰ ਮੌਤਾਂ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਹੈ। (ਏਜੰਸੀ)

ਪੰਜਾਬ ਸਰਕਾਰ, ਮਿਉਂਸਪਲ ਕਾਰਪੋਰੇਸ਼ਨ ਲੁਧਿਆਣਾ

ਈ-ਟੈਂਡਰ ਮੰਗਣ ਦੀ ਸੂਚਨਾ (ਬੀਐਂਡਆਰ ਕੰਮ)

ਮਿਉਂਸਪਲ ਕਾਰਪੋਰੇਸ਼ਨ ਵਿਭਾਗ ਲੁਧਿਆਣਾ (ਬੀਐਂਡਆਰ) ਵਲੋਂ ਹੇਠ ਲਿਖੇ ਸ਼ਡਿਊਲ ਅਨੁਸਾਰ ਲਈਅਰ ਵੈਲੀ ਦੀ ਸੰਭਾਲ ਤੇ ਦੇਖਭਾਲ ਲਈ ਏਜੰਸੀ ਦੀ ਚੋਣ ਲਈ ਆਨਲਾਈਨ ਦੋਹਰੀ ਬੋਲੀ (ਪਹਿਲੀ ਵਾਰ) ਮੰਗ ਕੀਤੀ ਜਾਂਦੀ ਹੈ।
ਬੰਦ ਹੋਣ ਦੀ ਮਿਤੀ ਤੇ ਸਮਾਂ: 23-09-2024 ਨੂੰ ਸ਼ਾਮ 5.00 ਵਜੇ ਤੱਕ
ਵੇਰਵਿਆਂ ਲਈ ਲਾਗਇਨ ਕਰੋ : https://eproc.punjab.gov.in/nicgep/app
ਨੋਟ : ਕੰਮਾਂ ਦੇ ਵੇਰਵੇ, ਹੋਰ ਨਿਯਮ ਅਤੇ ਸ਼ਰਤਾਂ ਅਤੇ ਟੈਂਡਰ ਦਸਤਾਵੇਜ, ਟੈਂਡਰ ਵਿਚ ਕੋਈ ਸੋਧ/ਵਾਧਾ ਹੋਇਆ ਤਾਂ ਸਿਰਫ਼ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਕਾਰਜਕਾਰੀ ਇੰਜੀਨੀਅਰ (ਟੀਆਈਸੀ)
37356 ਮਿਉਂਸਪਲ ਕਾਰਪੋਰੇਸ਼ਨ ਲੁਧਿਆਣਾ

ਪੰਜਾਬ ਸਰਕਾਰ

ਵਿਕਾਸ ਕੰਮਾਂ ਲਈ ਟੈਂਡਰ

ਮਿਉਂਸਪਲ ਕੌਂਸਲ ਵਿਭਾਗ ਰਾਮਾਂ ਵੱਖ ਵੱਖ ਵਿਕਾਸ ਕੰਮਾਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ
ਬੰਦ ਹੋਣ ਦੀ ਮਿਤੀ ਤੇ ਸਮਾਂ: 18-09-2024 ਨੂੰ ਸਵੇਰੇ 10.00 ਵਜੇ ਤੱਕ
ਵੇਰਵਿਆਂ ਲਈ ਲਾਗਇਨ ਕਰੋ : https://eproc.punjab.gov.in/nicgep/app
ਨੋਟ : ਕੋਈ ਸੋਧ ਹੋਈ ਤਾਂ ਟੈਂਡਰ /ਆਰਐਫਪੀ ਨੋਟਿਸ ਸਿਰਫ਼ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਕਾਰਜ ਸਾਧਕ ਅਫ਼ਸਰ
37347 ਨਗਰ ਕੌਂਸਲ ਰਾਮਾਂ ਮੰਡੀ

ਮਿਉਂਸਪਲ ਕਾਰਪੋਰੇਸ਼ਨ ਚੰਡੀਗੜ੍ਹ

ਟੈਂਡਰ ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਜਮ੍ਹਾਂ ਕਰਨ ਦਾ ਸ਼ਡਿਊਲ (ਆਨਲਾਈਨ)	ਤਕਨੀਕੀ ਬੋਲੀ ਖੋਲ੍ਹਣਾ (ਆਨਲਾਈਨ)
ਕਾਰਜਕਾਰੀ ਇੰਜੀਨੀਅਰ- ਰੋਡਜ਼ ਡਵੀਜ਼ਨ ਨੰ. 2			
1.	ਹੱਲੋਮਾਜਰਾ ਚੰਡੀਗੜ੍ਹ ਵਿਚ ਹਰੀਜਨ ਧਰਮਸ਼ਾਲਾ ਦੀ ਸਪੈਸ਼ਲ ਮੁਰੰਮਤ (ਨਾਗਰਿਕ ਕੰਮ) ਅੰਦਾਜਨ ਲਾਗਤ : ਰੁ. 6.26 ਲੱਖ, ਈਐਮਡੀ ਰਕਮ : ਰੁ. 12,530/- ਸਮਾਂ ਹੱਦ : 03 ਮਹੀਨੇ	06.09.2024 ਤੋਂ 13.09.2024 ਨੂੰ ਦੁ. 12.00 ਵਜੇ ਤੱਕ	13.09.2024 ਨੂੰ ਦੁ. 12.00 ਵਜੇ

ਨੋਟ : ਸਾਰੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਪੂਰੇ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਹਨ।